ਵਿਸ਼ਾ:- ਮਿਤੀ 10.02.2016 ਨੂੰ ਹੋਈ ਸਿਵਲ ਸਰਜਨ ਕਾਨਫਰੰਸ ਦੀ ਪ੍ਰੋਸੀਡਿੰਗ।

ਮਿਤੀ 10.02.2016 ਨੂੰ ਕਮੇਟੀ ਰੂਮ ਦਫਤਰ ਡੀ.ਐਚ.ਐਸ ਪੰਜਾਬ,ਚੰਡੀਗੜ੍ਹ ਵਿਖੇ ਸਿਵਲ ਸਰਜਨ ਕਾਨਫਰੰਸ ਦਾ ਆਯੋਜਨ ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਸੁਰਜੀਤ ਕੁਮਾਰ ਜਿਆਣੀ ਜੀ ਦੀ ਪ੍ਰਧਾਨਗੀ ਅਧੀਨ ਕੀਤਾ ਗਿਆ। ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਆਈ.ਏ.ਐਸ,ਐਮ.ਡੀ ਐਨ.ਐਚ.ਐਮ ਅਤੇ ਪੀ.ਐਚ.ਐਸ.ਸੀ ਸ੍ਰੀ ਹੁਸਨ ਲਾਲ ਆਈ.ਏ.ਐਸ,ਸਪੈਸ਼ਲ ਸਕੱਤਰ ਸਿਹਤ ਸ੍ਰੀ ਵਿਕਾਸ ਗਰਗ,ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਡਾ: ਹਰਿੰਦਰਪਾਲ ਸਿੰਘ ਬਾਲੀ,ਡਾਇਰੈਕਟਰ ਪਰਿਵਾਰ ਭਲਾਈ ਡਾ: ਊਸ਼ਾ ਬਾਂਸਲ,ਡਾਇਰੈਕਟਰ ਸਿਹਤ ਸੇਵਾਵਾਂ (ਸ:ਬ) ਡਾ: ਗੁਲਸ਼ਨ ਰਾਏ,ਡਾਇਰੈਕਟਰ ਆਯੁਰਵੈਦਾ ਡਾ: ਰਾਕੇਸ਼ ਸ਼ਰਮਾ,ਡਾਇਰੈਕਟਰ ਹੋਮੀਓਪੈਥੀ ਡਾ: ਰਾਮੇਸ ਸ਼ਾਰਦਾ,ਰਾਜ ਪੱਧਰੀ ਸਮੂਹ ਸਿਹਤ ਪ੍ਰੋਗਰਾਮ ਅਫਸਰਾਂ ਤੋਂ ਇਲਾਵਾ ਸਮੂਹ ਸਿਵਲ ਸਰਜਨ ਪੰਜਾਬ ਰਾਜ ਹਾਜ਼ਰ ਹੋਏ।ਮੀਟਿੰਗ ਦੀ ਕਾਰਵਾਈ ਰਿਪੋਰਟ ਹੇਠ ਦਰਸਾਏ ਅਨੁਸਾਰ ਹੈ:-

ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਸੁਰਜੀਤ ਕੁਮਾਰ ਜਿਆਣੀ ਅਤੇ ਸਮੂਹ ਅਫ਼ਸਰ ਸਹਿਬਾਨ ਨੂੰ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ, ਸ੍ਰੀਮਤੀ ਵਿਨੀ ਮਹਾਜਨ ਜੀ ਵੱਲੋਂ 'ਜੀ ਆਇਆ' ਨੂੰ ਕਿਹਾ ਗਿਆ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜੀ ਵੱਲੋਂ ਸਮੂਹ ਸਿਵਲ ਸਰਜਨਾਂ ਅਤੇ ਨਵੇਂ ਪਦ-ਉੱਨਤ ਹੋਏ ਸਿਵਲ ਸਰਜਨਾਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਕਿਹਾ ਗਿਆ ਅਤੇ ਇਹ ਵੀ ਕਿਹਾ ਗਿਆ ਕਿ ਹਰੇਕ ਸਿਵਲ ਸਰਜਨ ਨੂੰ ਮੀਡੀਆ/ਸਮਾਜਿਕ ਸੰਸਥਾਵਾਂ ਨਾਲ ਤਾਲਮੇਲ ਰੱਖਣਾ ਚਾਹੀਦਾ ਹੈ ਤਾਂ ਜੋ ਸਿਹਤ ਵਿਭਾਗ ਵੱਲੋਂ ਆਮ ਜਨਤਾ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਈਆ ਜਾ ਸਕਣ ਅਤੇ ਸਮੂਹ ਸਿਵਲ ਸਰਜਨਾਂ ਨੂੰ ਹੇਠ ਦਰਸਾਏ ਅਨੁਸਾਰ ਨਿਰਦੇਸ਼ ਦਿੱਤੇ ਗਏ:-**

- ਹਰ ਇੱਕ ਡਲਿਵਰੀ ਕੇਸ ਨੂੰ ਗੰਭੀਰਤਾ ਨਾਲ ਲਿਆ ਜਾਵੇ। ਡਲਿਵਰੀ ਕੇਸ ਰੈਫਰ ਨਹੀਂ ਹੋਣਾ ਚਾਹੀਦਾ।ਹਰ ਰੈਫਰ ਕੀਤੇ ਕੇਸ ਬਾਰੇ ਐਸ.ਐਮ.ਓ ਅਤੇ ਸਿਵਲ ਸਰਜਨ ਨੂੰ ਪਤਾ ਹੋਣਾ ਚਾਹੀਦਾ ਹੈ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਨਵ-ਨਿਯੁਕਤ ਡਾਕਟਰਾਂ ਦੀ ਦੋ ਸਾਲ ਬਦਲੀ ਨਹੀਂ ਹੋਵੇਗੀ।ਇਸ ਸਬੰਧੀ ਪਾਲਿਸੀ ਬਣਾ ਦਿੱਤੀ ਜਾਵੇ। **(ਡੀ.ਐਚ.ਐਸ. ਕਾਰਵਾਈ ਕਰਨ)**
- ਹਸਪਤਾਲਾਂ ਦੀ ਆਮਦਨ ਵਧਾਈ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਸੰਸਥਾਵਾਂ/ਹਸਪਤਾਲਾਂ ਵਿੱਚ ਪਏ ਕਬਾੜ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਸੰਸਥਾਵਾਂ/ਹਸਪਤਾਲਾਂ ਵਿੱਚ ਪੁਰਾਣੀਆਂ ਗੱਡੀਆਂ ਦੀ ਨਿਲਾਮੀ ਕਰਵਾਈ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਹਰ ਇੱਕ ਹਸਪਤਾਲ ਵਿੱਚ ਰੁੱਖ ਲਗਾਏ ਜਾਣ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਾਰੀਆਂ ਸਿਹਤ ਸੰਸਥਾਵਾਂ/ਹਸਪਤਾਲਾਂ ਦਾ ਐਸ.ਐਮ.ਓ,ਸਿਵਲ ਸਰਜਨ ਦੁਆਰਾ ਰਾਊਂਡ ਕਰਨਾ ਯਕੀਨੀ ਬਣਾਇਆ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਜਨ-ਔਸ਼ਧੀ ਸਟੋਰਾਂ ਨੂੰ ਸਹੀ ਤਰੀਕੇ ਨਾਲ ਚਲਾਇਆ ਜਾਵੇ,ਤਾਂ ਜੋ ਆਮ ਜਨਤਾ ਨੂੰ ਇਸ ਦਾ ਲਾਭ ਮਿਲ ਸਕੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸੀਨੀਅਰ ਮੈਡੀਕਲ ਅਫਸਰਾਂ ਨੂੰ ਰੈਫਰ ਕੀਤੇ ਮਰੀਜ਼ਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਇਸ ਸਬੰਧੀ ਉਹ ਸਿਵਲ ਸਰਜਨ ਨੂੰ ਸੂਚਿਤ ਕਰਨਗੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸੀਨੀਅਰ ਮੈਡੀਕਲ ਅਫਸਰ ਮਰੀਜ਼ਾਂ ਦੇ ਵਾਰਡ ਵਿੱਚ ਜਾ ਕੇ ਉਨ੍ਹਾਂ ਨਾਲ ਗੱਲਬਾਤ ਕਰਨ ਤਾਂ ਜ਼ੋ ਮਰੀਜ਼ਾਂ ਨੂੰ ਹੋਰ ਵੀ ਚੰਗੀਆਂ ਸਹੂਲਤਾਂ ਦਿੱਤੀਆਂ ਜਾ ਸਕਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮਾਨਯੋਗ ਸਿਹਤ ਮੰਤਰੀ ਜੀ ਵੱਲੋਂ ਸਵਾਇਨ ਫਲੂ ਸਬੰਧੀ ਜਾਣਕਾਰੀ ਲਈ ਗਈ ਅਤੇ ਪੰਜਾਬ ਵਿੱਚ ਸਵਾਇਨ ਫਲੂ ਦੇ ਕੇਸਾਂ ਦੀ ਗਿਣਤੀ ਬਾਰੇ ਪੁੱਛਿਆ ਗਿਆ।ਕੁੱਲ 205 ਸ਼ੱਕੀ ਮਰੀਜ਼,67 ਪੋਜੋਟਿਵ ਕੇਸ, ਸਵਾਇਨ ਫਲੂ ਨਾਲ ਹੁਣ ਤੱਕ ਕੁੱਲ 34 ਮੌਤਾਂ ਹੋ ਚੁੱਕੀਆਂ ਹਨ।
- ਸਵਾਇਨ ਫਲੂ ਨਾਲ ਪੀੜਤ ਮਰੀਜ਼ਾ ਦਾ ਉਚੇਚੇ ਤੋਰ ਤੇ ਖ਼ਾਸ ਧਿਆਨ ਰੱਖਿਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹਰ ਜ਼ਿਲ੍ਹਾ ਹਸਪਤਾਲ ਵਿੱਚ ਸਵਾਇਨ ਫਲੂ ਸੈਂਪਲ ਲਏ ਜਾਂਦੇ ਹਨ।ਸਵਾਇਨ ਫਲੂ ਸਬੰਧੀ ਆਮ ਜਨਤਾ ਨੂੰ ਜਾਗਰੂਕ ਕੀਤਾ ਜਾਵੇ ਅਤੇ ਇਸ ਸਬੰਧੀ ਸਿਹਤ ਕੈਂਪ ਲਗਾਏ ਜਾਣ। **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਮੰਤਰੀ ਜੀ ਵੱਲੋ ਡਾ: ਵੀਨਾ ਪਾਲ(ਐਮ.ਐਸ.ਜਲੰਧਰ) ਨੂੰ ਪੁਰਾਣੀਆਂ ਟਰਮ ਅਤੇ ਕੰਡੀਸ਼ਨ ਦੇ ਆਧਾਰ ਤੇ ਏ.ਟੀ.ਐਮ ਜਾਰੀ ਕਰਨ ਲਈ ਕਿਹਾ ਗਿਆ।

**(ਡੀ.ਐਚ.ਐਸ ਕਾਰਵਾਈ ਕਰਨ)**

**ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਸ੍ਰੀਮਤੀ ਵਿਨੀ ਮਹਾਜਨ ਜੀ** ਵੱਲੋਂ ਸਮੂਹ ਸਿਵਲ ਸਰਜਨਾਂ ਦੁਆਰਾ ਪਿਛਲੇ ਕੀਤੇ ਕੰਮਾਂ/ਨੈਸ਼ਨਲ ਸਿਹਤ ਪ੍ਰੋਗਰਾਮਾਂ ਦਾ ਜਾਇਜ਼ਾ ਲਿਆ ਗਿਆ।ਪ੍ਰਮੁੱਖ ਸਕੱਤਰ ਜੀ ਵੱਲੋਂ ਸਮੂਹ ਸਿਵਲ ਸਰਜਨਾਂ ਨੂੰ ਫੀਲਡ ਵਿੱਚ ਆਉਂਦੀਆ ਸਮੱਸਿਆਵਾਂ ਵੀ ਸੁਣੀਆਂ ਅਤੇ ਹੱਲ ਕੀਤੀਆਂ ਗਈਆਂ। ਮਾਨਯੋਗ ਪ੍ਰਮੁੱਖ ਸਕੱਤਰ ਜੀ ਵਲੋ ਸਿਵਲ ਸਰਜਨ ਕਾਨਫਰੰਸ ਦੋਰਾਨ ਲਏ ਗਏ ਨਿਰਣਿਆ/ਦਿਸ਼ਾ ਨਿਰਦੇਸਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ । :-

- ਰੀਹੈਬਲੀਟੇਸ਼ਨ ਸੈਟਰਾ ਵੱਲ ਵਿਸ਼ੇਸ ਧਿਆਨ ਦਿੱਤਾ ਜਾਵੇ ਅਤੇ ਉਨਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ।ਇਸ ਸੰਬਧੀ ਡਿਪਟੀ ਕਮਿਸ਼ਨਰ ਜੀ ਨਾਲ ਮੀਟਿੰਗ ਕੀਤੀ ਜਾਵੇ। ਸਰਪੰਚਾ ਨਾਲ ਮੀਟਿੰਗਾ ਕੀਤੀਆ ਜਾਣ ।ਗਰੀਬ ਮਰੀਜ਼ਾ ਨੂੰ ਇਲਾਜ ਸਬੰਧੀ ਮੁਫ਼ਤ ਸਹੂਲਤ ਦਿੱਤੀ ਜਾਵੇ। **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮੈਡੀਕਲ ਕਾਲਜਾ ਵਿੱਚ ਚੱਲ ਰਹੇ ਡਰੱਗ ਡੀ- ਅਡੀਕਸ਼ਨ ਸੈਂਟਰਾ ਦੇ ਕੰਮ ਦੀ ਜਿੰਮੇਵਾਰੀ ਸਿਹਤ ਵਿਭਾਗ ਦੀ ਹੈ ।ਇਸ ਸਬੰਧੀ ਸਿਵਲ ਸਰਜਨ ਨਿੱਜੀ ਨਿਗਰਾਨੀ ਰੱਖਣ। ਸਮੱਸਿਆ ਆਉਣ ਤੇ ਸਕੱਤਰ ਮੈਡੀਕਲ ਐਜੂਕੇਸ਼ਨ ਨਾਲ ਤਾਲਮੇਲ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਈ.ਐਸ.ਆਈ ਦਾ ਸਾਰਾ ਕੰਮ ਸਬੰਧਤ ਜ਼ਿਲ੍ਹੇ ਦੇ ਸਿਵਲ ਸਰਜਨਾ ਦੀ ਦੇਖ-ਰੇਖ ਹੇਠ ਕੀਤਾ ਜਾਵੇ । **(ਡਾਇਰੈਕਟਰ ਈ.ਐਸ. ਆਈ ਕਾਰਵਾਈ ਕਰਨ)**

- ਡਾ: ਧਰਮਪਾਲ ਐਡੀਸ਼ਨਲ ਡਾਇਰੈਕਟਰ ਦਫਤਰ ਡੀ.ਐਚ.ਐਸ ਪੰਜਾਬ ਨੂੰ ਐਸ.ਐਨ.ਸੀ.ਯੂ ਦਾ ਇੰਚਾਰਜ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਹਰ ਪੱਖੋ ਕੰਮ ਘੋਖਣ ਲਈ ਕਿਹਾ ਗਿਆ।
- ਰਾਜ ਪੱਧਰ ਤੇ ਡਾਇਲੇਸਿਸ ਯੂਨਿਟ ਲਈ ਕੋਈ ਅਧਿਕਾਰੀ ਨਾਮਜ਼ਦ ਕੀਤਾ ਜਾਵੇ।HIV,HepB,HepC ਦੀਆਂ ਬਿਮਾਰੀਆਂ ਵਾਸਤੇ ਡਾਇਲੇਸਿਸ ਦੇ ਅਲੱਗ ਅਲੱਗ ਯੂਨਿਟ ਬਣਾਏ ਜਾਣ। ਲੋਕਾ ਨੂੰ ਜ਼ਿਲ੍ਹੇ ਦੇ ਅੰਦਰ ਹੀ ਡਾਇਲੇਸਿਸ ਦੀ ਸਹੂਲਤ ਮੁਹੱਈਆ ਕਰਵਾਈ ਜਾਵੇ। **(ਡੀ.ਐਚ.ਐਸ ਕਾਰਵਾਈ ਕਰਨ)**

- ਸਾਰੇ ਸਰਜਨ ਪਲਾਨਡ ਸਾਈਜੇਰੀਅਨ ਕਰਨਗੇ। ਸਾਜੇਰੀਅਨ ਲਈ ਇੰਡੀਕੇਸ਼ਨ/ ਚੈਕ ਲਿਸਟ ਡੀ.ਐਫ.ਡਬਲਿਯੂ ਬਣਾਉਣਗੇ ਅਤੇ ਡੀ.ਐਚ.ਐਸ ਹੁਕਮ ਜਾਰੀ ਕਰਨਗੇ।
- ਨਵੀਆਂ ਬਣੀਆਂ ਸਿਹਤ ਸੰਸਥਾਵਾਂ ਵਿੱਚ ਪੋਸਟਾਂ ਦੀ ਰਚਨਾ ਕਰਨ ਲਈ ਕੈਬਨਿਟ ਨੋਟ ਤਿਆਰ ਕਰ ਲਿਆ ਜਾਵੇ।

**(ਡੀ.ਐਚ.ਐਸ ਕਾਰਵਾਈ ਕਰਨ)**

- ਪੀ.ਜੀ ਕੋਰਸ ਕਰਨ ਗਏ ਡਾਕਟਰਾਂ ਨੂੰ ਕੋਰਸ ਪੂਰਾ ਹੋਣ ਉਪਰੰਤ ਜਿਹੜੀਆਂ ਸੰਸਥਾਵਾਂ ਵਿੱਚ ਡਾਕਟਰਾਂ ਦੀ ਲੋੜ ਹੈ, ਇਨ੍ਹਾਂ ਡਾਕਟਰਾਂ ਨੂੰ ਉਥੇ ਲਗਾ ਦਿੱਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮੈਡੀਕਲ ਕਾਲਜਾ ਵਿੱਚ ਤਾਇਨਾਤ ਐਸ.ਆਰ.(ਰੇਡਿਓਲੋਜੀ,ਪੈਡਿਆਟਰਿਕਸ) ਨੂੰ ਲੋੜ ਵਾਲੀਆ ਥਾਵਾ ਤੇ ਲਗਾਇਆ ਜਾਵੇ ਇਸ ਸਬੰਧੀ ਸੱਕਤਰ ਮੈਡੀਕਲ ਐਜੁਕੇਸ਼ਨ ਨਾਲ ਤਾਲਮੇਲ ਕੀਤਾ ਜਾਵੇ।

**(ਡੀ.ਐਚ.ਐਸ ਕਾਰਵਾਈ ਕਰਨ)**

- ਈ.ਐਸ.ਆਈ ਜਲੰਧਰ ਵਿਖੇ ਤਾਇਨਾਤ 3 ਐਨਾਸਥਿਸਟ ਵਿੱਚੋ ਡਾ: ਮੁਕੇਸ਼ ਨੂੰ ਛੱਡ ਕੇ ਬਾਕੀ ਦੋਵਾਂ ਐਨਾਸਥਿਸਟ ਨੂੰ ਸਿਵਲ ਹਸਪਤਾਲ ਜਲੰਧਰ ਲਗਾਇਆ ਜਾਵੇ ।

**(ਡੀ.ਐਚ.ਐਸ ਕਾਰਵਾਈ ਕਰਨ)**

- ਸਪੈਸ਼ਲਿਸਟ ਡਾਕਟਰਾ ਦੀ ਪੋਸਟਿੰਗ ਪੋਜੀਸ਼ਨ ਦਾ ਰਿਵਿਊ ਕੀਤਾ ਜਾਵੇ ।

**(ਡੀ.ਐਚ.ਐਸ ਕਾਰਵਾਈ ਕਰਨ)**

- ਪੀ.ਐਚ.ਸੀ ਜੰਡ ਸਾਹਿਬ (ਫਰੀਦਕੋਟ) ਦੀ ਬਿਲਡਿੰਗ ਦੀ ਹਾਲਤ ਖ਼ਸਤਾ ਹੋ ਜਾਣ ਕਾਰਨ ਡਲਿਵਰੀ ਕੇਸਾਂ ਨੂੰ ਨਵੀਂ ਬਣੀ ਸੀ.ਐਚ.ਸੀ ਸਾਦਿਕ (ਫਰੀਦਕੋਟ) ਵਿਖੇ ਸੇਵਾਵਾਂ ਦਿੱਤੀਆਂ ਜਾਣ।ਇਸ ਸਬੰਧੀ ਲੋੜੀਂਦਾ ਸਟਾਫ ਸਿਫਟ ਕਰ ਦਿੱਤਾ ਜਾਵੇ।

**(ਸਿਵਲ ਸਰਜਨ ਫਰੀਦਕੋਟ ਕਾਰਵਾਈ ਕਰਨ)**

- ਐਮ.ਸੀ.ਐਚ ਸੈਂਟਰ ਬਰਨਾਲਾ ਦੇ ਐਸ.ਐਨ.ਸੀ.ਯੂ ਦੇ ਨਰਸਿੰਗ ਸਟੇਸ਼ਨ ਦੀ ਦੀਵਾਰ ਤੁੜਵਾਈ ਜਾਵੇ ਅਤੇ ਇਸ ਦੀ ਥਾਂ ਤੇ ਕੱਚ ਦੀ ਪਾਰਟੀਸ਼ਨ ਲਗਾਈ ਜਾਵੇ ਤਾਂ ਜੋ ਸਿਸੂਆ ਦੀ ਠੀਕ ਨਿਗਰਾਨੀ/ਸੰਭਾਲ ਹੋ ਸਕੇ ।

**(ਸਿਵਲ ਸਰਜਨ ਬਰਨਾਲਾ ਕਾਰਵਾਈ ਕਰਨ)**

- ਨਵ-ਪਦਉੱਨਤ ਐਸ.ਐਮ.ਓ ਡਾ: ਨਿਰਮਲ ਸਿੰਘ ਸਿਵਲ ਹਸਪਤਾਲ ਤਰਨਤਾਰਨ ਨੂੰ ਤੁਰੰਤ ਰਿਲੀਵ ਕਰਕੇ ਸਿਵਲ ਹਸਪਤਾਲ ਮਾਨਸਾ ਭੇਜਿਆ ਜਾਵੇ ਅਤੇ ਉਨ੍ਹਾਂ ਨੂੰ ਤੁਰੰਤ ਮਿਤੀ ਤੋਂ Deemed to have been relived ਕਰਾਰ ਕਰਦੇ ਹੋਏ ਮੋਜੂਦਾ ਤੈਨਾਤੀ ਦੇ ਸਟੇਸ਼ਨ ਤੇ ਭਵਿੱਖ ਵਿੱਚ ਤਨਖਾਹ ਨਾ ਬਣਾਈ ਜਾਵੇ ।

**(ਡੀ.ਐਚ.ਐਸ ਕਾਰਵਾਈ ਕਰਨ)**

- ਨਰਸਿੰਗ ਕਾਲਜਾ ਤੋ ਆ ਰਹੇ ਸਟੂਡੈਂਟਸ ਨੂੰ ਟ੍ਰੇਨਿੰਗ ਲਈ ਪੀ.ਐਚ.ਸੀ ਕਾਲੋ ਮਾਜਰਾ(ਪਟਿਆਲਾ) ਦੀ ਥਾਂ ਤੇ ਐਸ.ਡੀ.ਐਚ ਰਾਜਪੁਰਾ(ਪਟਿਆਲਾ) ਭੇਜਿਆ ਜਾਵੇ।

**(ਡੀ.ਐਫ.ਡਬਲਿਊ ਕਾਰਵਾਈ ਕਰਨ)**

- ਮਾਤਾ ਕੁਸੱਲਿਆ ਹਸਪਤਾਲ ਪਟਿਆਲਾ ਦੇ ਰੈਣ-ਬਸੇਰਾ ਦੀ ਫਰਨਿਸ਼ਿੰਗ,ਫਰਨੀਚਰ ਪੀ.ਐਚ.ਐਸ.ਸੀ ਵੱਲੋ ਮੁਹੱਈਆ ਕਰਵਾਇਆ ਜਾਵੇ।ਅਤੇ ਇਸ ਦੀ ਦੇਖ-ਭਾਲ, ਰੱਖ-ਰਖਾਵ ਦੀ ਜਿੰਮੇਵਾਰੀ ਕਿਸੇ ਐਨ.ਜੀ.ਓ ਨੂੰ ਸੌਂਪੀ ਜਾਵੇ ।ਜਿਸ ਦਾ ਰੇਟ ਆਮ ਜਨਤਾ ਕੋਲੋ ਘੱਟੋ ਘੱਟ 25 ਰੁਪੈ ਤੋ ਵੱਧ ਤੋਂ ਵੱਧ 50ਰੁਪੈ ਤਕ ਲਏ ਜਾਣ।

**(ਸਿਵਲ ਸਰਜਨ ਪਟਿਆਲਾ,ਐਸ.ਈ ਪੀ.ਐਚ.ਐਸ.ਸੀ ਕਾਰਵਾਈ ਕਰਨ)**

- ਦੂਸਰੇ ਵਿਭਾਗਾ ਵਿੱਚ (ਜਿਵੇ ਜੇਲ੍ਹਾਂ,ਬੀ.ਬੀ.ਐਮ.ਬੀ ਅਤੇ ਹੋਰ)ਗਏ ਡਾਕਟਰ ਆਪਣੇ ਸਟੇਟ ਹੈਡਕੁਆਟਰ ਦੇ ਹੁਕਮਾ ਦੀ ਪਾਲਣਾ ਕਰਨਗੇ।ਜਿਹੜੇ ਡਾਕਟਰ ਆਪਣੇ ਸਟੇਟ ਹੈਡਕੁਆਟਰ ਦੇ ਹੁਕਮਾਂ ਦੀ ਉਲੰਘਣਾ ਕਰਨਗੇ ਸਬੰਧਤ ਸਿਵਲ ਸਰਜਨ ਉਨ੍ਹਾਂ ਦੀ ਦੋਸ਼ ਸੂਚੀ ਦਾ ਖਰੜਾ ਤਿਆਰ ਕਰਕੇ ਸਟੇਟ ਹੈਡਕੁਆਟਰ ਨੂੰ ਭੇਜਣਗੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਡੀ.ਈ.ਆਈ.ਸੀ ਅਤੇ ਬੱਚਾ ਵਾਰਡਾਂ ਨੂੰ ਸੁੰਦਰ ਅਤੇ ਰੰਗੀਨ ਬਣਾਇਆ ਜਾਵੇ।ਕੰਧਾ ਤੇ ਪੈਂਟਿੰਗਜ਼ ਬਣਵਾਈਆ ਜਾਣ ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਬਾਲੜੀ ਰੱਖਿਆ ਯੋਜਨਾ ਸਬੰਧੀ ਅਗਲੇ ਹੁਕਮਾਂ ਤੱਕ ਕੋਈ ਨਵੀ ਰਜਿਸਟਰੇਸ਼ਨ ਨਾ ਕੀਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਫਗਵਾੜਾ ਵਿਖੇ ਨਵੇਂ ਬਣਨ ਵਾਲੇ ਏ.ਐਨ.ਐਮ ਦੇ ਸਕੂਲ ਲਈ ਜ਼ਮੀਨ ਦਾ ਮਸਲਾ ਡੀ.ਸੀ ਨਾਲ ਮੀਟਿੰਗ ਕਰਕੇ ਹੱਲ ਕਰਵਾਇਆ ਜਾਵੇ।

**(ਸਿਵਲ ਸਰਜਨ ਕਪੂਰਥਲਾ ਕਾਰਵਾਈ ਕਰਨ)**

- ਨਵੇ ਬਣੇ ਐਮ.ਸੀ.ਐਚ ਸੈਂਟਰਾਂ ਵਿੱਚ ਫੂਡ ਕੋਰਟ ਨੂੰ ਚਲਾਇਆ ਜਾਵੇ।ਜੇਕਰ ਸੰਭਵ ਹੋਵੇ ਤਾਂ ਲੰਗਰ ਦੀ ਸਹੂਲਤ ਦਾ ਪ੍ਰਬੰਧ ਕਰ ਲਿਆ ਜਾਵੇ।

**(ਸਬੰਧਤ ਸਿਵਲ ਸਰਜਨ ਕਾਰਵਾਈ ਕਰਨ)**

- ਸਿਵਲ ਸਰਜਨ ਪਠਾਨਕੋਟ ਵੱਲੋ਼ ਮੁਰਦਾ-ਘਰ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ ਗਿਆ ਅਤੇ ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋ ਡੀ.ਜੀ.ਪੀ ਪੰਜਾਬ ਪੁਲਿਸ ਨੂੰ ਡੀ.ਓ ਲਿਖਣ ਬਾਰੇ ਕਿਹਾ ਗਿਆ ।

**(ਸਪੈਸ਼ਲ ਸਕੱਤਰ ਸਿਹਤ ਕਾਰਵਾਈ ਕਰਨ)**

- ਸਿਵਲ ਸਰਜਨ ਕਾਨਫਰੰਸ ਦੌਰਾਨ ਡਿਸਕਸ ਕੀਤੇ ਫੈਸਲਿਆ ਨੂੰ ਤੁਰੰਤ ਲਾਗੂ ਕਰਦੇ ਹੋਏ ਇਸ ਦੀ ਪਾਲਣਾ ਰਿਪੋਰਟ ਸਟੇਟ ਹੈਡਕੁਆਟਰ ਨੂੰ ਭੇਜੀ ਜਾਵੇ।

**(ਸਮੂਹ ਪ੍ਰੋਗਰਾਮ ਅਫਸਰ ਅਤੇ ਸਿਵਲ ਸਰਜਨ ਕਾਰਵਾਈ ਕਰਨ)**

- ਬਟਾਲਾ (ਗੁਰਦਾਸਪੁਰ) ਵਿਖੇ ਹੋਏ ਪੀਲੀਏ ਦੇ ਕੇਸਾਂ ਦੇ ਸਬੰਧ ਵਿੱਚ ਕੀਤੀ ਗਈ ਰੋਕਥਾਮ ਅਤੇ ਇਲਾਜ ਲਈ ਕੀਤੀ ਗਈ ਕਾਰਵਾਈ ਸਬੰਧੀ ਜਾਣਕਾਰੀ ਲਈ ਗਈ ਇਸ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਨੂੰ ਕਿਹਾ ਗਿਆ ਕਿ ਲਿਖਤੀ ਰੂਪ ਵਿੱਚ ਸਟੇਟ ਹੈਡਕੁਆਟਰ ਨੂੰ ਸੂਚਿਤ ਕੀਤਾ ਜਾਵੇ।ਸਟੇਟ ਹੈਡ-ਕੁਆਟਰ ਵੱਲੋਂ ਸਾਰੇ ਜ਼ਿਲਿਆ ਨੂੰ ਹੋਈ ਆਊਟ ਬਰੇਕ ਬਾਰੇ ਅਗਾਂਹ ਕੀਤਾ ਜਾਵੇ। ਹਰ ਤਰਾਂ ਦੇ ਮੀਡੀਆਂ ਰਾਂਹੀ ਜਾਗਰੂਕਤਾ ਅਤੇ ਇਲਾਜ ਬਾਰੇ ਚਾਨਣਾ ਪਾਉਣ ਲਈ ਕਿਹਾ ਗਿਆ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਅਖਬਾਰਾਂ ਅਤੇ ਟੀ.ਵੀ ਨਾਲ ਰਾਬਤਾ ਕਾਇਮ ਰੱਖਿਆ ਜਾਵੇ।ਸਕਾਰਤਮਕ ਖਬਰਾਂ ਹਰ ਜ਼ਿਲ੍ਹੇ ਵੱਲੋਂ ਲਗਾਈਆਂ ਜਾਣ। ਅੱਛੇ ਕੰਮਾ ਨੂੰ ਹਾਈਲਾਈਟ ਜ਼ਰੂਰ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਵਾਈਨ ਫਲੂ ਦੇ ਸਬੰਧ ਵਿੱਚ ਕੀਤੇ ਪ੍ਰਬੰਧਾ ਦਾ ਜਾਇਜ਼ਾ ਲਿਆ ਗਿਆ।ਸਵਾਇਨ ਫਲੂ ਦੇ ਸਬੰਧ ਵਿੱਚ ਪੰਜਾਬੀ ਵਿੱਚ ਛੋਟਾ ਇਸ਼ਤਿਹਾਰ ਬਣਾਕੇ ਵੱਖ-ਵੱਖ ਅਖਬਾਰਾਂ ਵਿੱਚ ਆਮ ਜਨਤਾ ਦੀ ਜਾਗਰੂਕਤਾ ਹਿੱਤ ਦਿੱਤਾ ਜਾਵੇ।

**(ਪ੍ਰੋਗਰਾਮ ਅਫਸਰ IDSP ਕਾਰਵਾਈ ਕਰਨ)**

- ਜਿਹੜੀਆਂ ਸਿਹਤ ਸੰਸਥਾਵਾਂ/ਹਸਪਤਾਲਾਂ ਵਿੱਚ ਜ਼ਿਆਦਾ ਕੰਮ ਹੈ ਉਥੇ ਨਵੇ ਉਪਕਰਣ ਦਿੱਤੇ ਜਾਣ।ਜਿਹੜੀਆਂ ਸਿਹਤ ਸੰਸਥਾਵਾਂ ਵਿੱਚ ਕੰਮ ਘੱਟ ਹੈ, ਉਥੇ ਚਲਦੇ ਉਪਕਰਣ ਮੁਹੱਈਆ ਕਰਵਾਏ ਜਾਣ। **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਜਿਨ੍ਹਾ ਸਿਹਤ ਸੰਸਥਾਵਾਂ ਵਿੱਚ ਸਟਾਫ ਦੀ ਕਮੀ ਹੈ ਉਥੇ ਸਿਵਲ ਸਰਜਨ ਆਪਣੇ ਪੱਧਰ ਤੇ ਆਊਟ ਸੋਰਸ ਰਾਂਹੀ ਸਟਾਫ ਰੱਖ ਲਿਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸੰਗਰੂਰ ਵਿਖੇ ਯੂਜਰ ਚਾਰਜਿਜ ਵਿਚੋਂ ਫੀਜੀਓਥਰੈਪਿਸਟ ਆਊਟ ਸੋਰਸ ਤੇ ਰੱਖ ਲਿਆ ਜਾਵੇ। **(ਸਿਵਲ ਸਰਜਨ ਸੰਗਰੂਰ ਕਾਰਵਾਈ ਕਰਨ)**
- ਆਰ.ਐਮ.ਐਨ.ਸੀ.ਐਚ,ਪੀ.ਐਨ.ਡੀ.ਟੀ,ਪੀ.ਐਸ.ਏ.ਸੀ ਦੇ ਕੌਂਸਲਰ ਦੀਆਂ ਯੋਗਤਾਵਾ ਚੈਕ ਕਰ ਲਈਆਂ ਜਾਣ ਤਾ ਜੋ ਉਨ੍ਹਾ ਦੀਆਂ ਇੱਕ ਦੂਜੇ ਦੀ ਥਾਂ ਤੇ ਸੇਵਾਵਾਂ ਲਈਆਂ ਜਾ ਸਕਣ।

**(ਡਾਇਰੈਕਟਰ ਐਨ.ਐਚ.ਐਮ ਕਾਰਵਾਈ ਕਰਨ)**

- ਪੰਜਾਬ ਰਾਜ ਵਿੱਚ ਕਿੰਨੇ ਬਲੱਡ ਬੈਂਕ ਚੱਲ ਰਹੇ ਹਨ ਅਤੇ ਕਿਹੜੇ ਬਲੱਡ ਬੈਂਕ ਬੰਦ ਪਏ ਹਨ।ਇਸ ਬਾਰੇ ਸਟੇਟ ਹੈਡਕੁਆਟਰ ਨੂੰ ਸੂਚਿਤ ਕੀਤਾ ਜਾਵੇ।ਸਾਰੇ ਬਲੱਡ ਬੈਂਕਾ ਦੀ ਰਜਿਸ਼ਟਰੇਸ਼ਨ,ਰੀਨਿਊਲ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

**(ਸਮੂਹ ਸਿਵਲ ਸਰਜਨ ਅਤੇ ਸਟੇਟ ਡਰੱਗ ਕੰਟਰੋਲਰ ਕਾਰਵਾਈ ਕਰਨ)**

- ਸਾਰੇ ਜ਼ਿਲ੍ਹੇ ਵਿੱਤੀ ਸਾਲ 2015-16 ਦੌਰਾਨ ਬਾਹਰੋ ਜਿਵੇਂ ਕਿ ਐਨ.ਜੀ.ਓ,ਐਮ.ਪੀ ਫੰਡ ਅਤੇ ਹੋਰ ਦਾਨੀ ਸੱਜਣਾ ਵੱਲੋ ਪ੍ਰਾਪਤ ਹੋਏ ਫੰਡਾਂ ਦਾ ਵੇਰਵਾ ਤਿਆਰ ਕਰਕੇ ਸਟੇਟ ਹੈਡਕੁਆਟਰ ਨੂੰ ਸੂਚਿਤ ਕਰਨ ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਨਵੀਆਂ ਬਣੀਆਂ ਸਿਹਤ ਸੰਸਥਾਵਾਂ ਵਿੱਚ ਪੋਸਟਾਂ ਦੀ ਰਚਨਾ ਕਰਨ ਲਈ ਕੈਬਨਿਟ ਨੋਟ ਤਿਆਰ ਕਰ ਲਿਆ ਜਾਵੇ।

**(ਡੀ.ਐਚ.ਐਸ ਕਾਰਵਾਈ ਕਰਨ)**

- ਸਿਹਤ ਵਿਭਾਗ ਵਿੱਚ ਚੱਲ ਰਹੀਆਂ ਸਾਰੀਆਂ ਸਕੀਮਾਂ ਬਾਰੇ ਸਿਵਲ ਸਰਜਨਾਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਇਨ੍ਹਾ ਸਕੀਮਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਇੰਨਟਰਨਸ਼ਿਪ ਕਰਨ ਵਾਲੀਆਂ ਸਟਾਫ ਨਰਸਾ,ਚੌਥੇ ਸਾਲ ਵਾਲੀਆਂ ਸਟਾਫ ਨਰਸ਼ਾਂ ਦੀ ਨਾਈਟ ਡਿਊਟੀ ਲਗਾਈ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

## ਐਮ.ਡੀ.ਐਨ.ਐਚ.ਐਮ ਅਤੇ ਪੀ.ਐਚ.ਐਸ.ਸੀ ਸ੍ਰੀ ਹੁਸਨ ਲਾਲ,ਆਈ.ਏ.ਐਸ

- ਸਾਰੇ ਜ਼ਿਲਿਆਂ ਨੂੰ ਜੋ ਵੀ ਇੰਨਫਰਾਸਟਰਕਚਰ ਚਾਹੀਦਾ ਹੈ ਉਸ ਦੀ ਸੂਚਨਾ ਸਟੇਟ ਹੈਡਕੁਆਟਰ ਨੂੰ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਫਿਜੀਕਲ ਅਤੇ ਫਾਇਨੈਂਸੀਅਲ ਡਾਟਾ ਮੈਚ ਕਰਦਾ ਹੋਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਆਊਟ ਸੋਰਸ ਰਾਂਹੀ ਰੱਖੇ ਜਾਣ ਵਾਲੇ ਸਟਾਫ ਦੀ ਤਨਖਾਹ ਨਿਸਚਿਤ ਕਰਨ ਲਈ ਐਨ.ਐਚ.ਐਮ ਦੀ ਸਾਈਟ ਤੋ ਰੇਟ ਦੇਖ ਲਏ ਜਾਣ।ਇਲੈਕਟ੍ਰੀਸ਼ਨ,ਪਲੰਬਰ ਨੂੰ ਪਾਰਟ ਟਾਈਮ ਲਈ ਰੱਖ ਲਿਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਐਮਰਜੈਂਸੀ ਸੇਵਾਵਾਂ ਠੀਕ ਹੋਣੀਆਂ ਚਾਹੀਦੀਆਂ ਹਨ ਅਤੇ ਹੋਰ ਸਿਹਤ ਸੇਵਾਵਾਂ ਵੀ ਠੀਕ ਮੁਹੱਈਆਂ ਕਰਵਾਈਆਂ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਪ੍ਰਾਈਵੇਟ ਹਸਪਤਾਲਾ ਨਾਲ ਸਵਾਇਨ ਫਲੂ ਦੇ ਮੁੱਦੇ ਤੇ ਮੀਟਿੰਗ ਕੀਤੀ ਜਾਵੇ ਅਤੇ ਨਾਲ ਹੀ ਡੀ.ਸੀ ਪੱਧਰ ਤੇ ਵੀ ਮੀਟਿੰਗ ਕਰਵਾਈ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਫਿਰੋਜਪੁਰ,ਫਾਜਿਲਕਾ,ਮਾਨਸਾ,ਮੁਕਤਸਰ ਵਿਖੇ ਸਟਾਫ ਦੇ ਰਹਿਣ ਲਈ ਸਰਕਾਰੀ ਮਕਾਨਾਂ ਦੀ ਰਿਪੇਅਰ ਪੀ.ਐਚ.ਐਸ.ਸੀ ਵੱਲੋਂ ਕਰਵਾਈ ਜਾਵੇਗੀ।

**(ਸਬੰਧਤ ਸਿਵਲ ਸਰਜਨ,ਐਸ.ਈ.ਪੀ.ਐਚ.ਐਸ.ਸੀ ਕਾਰਵਾਈ ਕਰਨ)**

## ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ: ਹਰਿੰਦਰਪਾਲ ਸਿੰਘ ਬਾਲੀ

- ਸੀਨੀਅਰ ਮੈਡੀਕਲ ਅਫਸਰ ਅਤੇ ਹੋਰ ਸਟਾਫ ਦੁਆਰਾ ਹੈਡਕੁਆਟਰ ਮੇਨਟੇਨ ਕਰਨਾ ਯਕੀਨੀ ਬਣਾਇਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਾਰੇ ਸਟਾਫ ਦੀ ਵੈਂਕੇਸੀ ਪੁਜ਼ੀਸਨ ਅਤੇ ਪੌਸਟਿੰਗ ਪੁਜ਼ੀਸ਼ਨ ਸਟੇਟ ਹੈਡ-ਕੁਆਟਰ ਨੂੰ ਭੇਜੀ ਜਾਵੇ। **(ਸਿਵਲ ਸਰਜਨ ਕਾਰਵਾਈ ਕਰਨ)**

- ਸਿਹਤ ਸੰਸਥਾਵਾਂ/ਹਸਪਤਾਲਾਂ ਦੇ ਵਾਰਡਾਂ ਦੇ ਬਾਥਰੂਮਾਂ ਦੀ ਸਫਾਈ ਯਕੀਨੀ ਬਣਾਈ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਿਹਤ ਵਿਭਾਗ ਦੇ ਸਮੁੱਚੇ ਸਟਾਫ ਦੀ ਹਾਜ਼ਰੀ ਰੈਗੂਲਰ ਅਤੇ ਸਮੇਂ ਸਿਰ ਯਕੀਨੀ ਬਣਾਈ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਿਹਤ ਸੰਸਥਾਵਾਂ ਅਤੇ ਹਸਪਤਾਲਾ ਦੇ ਸਾਈਨੇਜ਼ ਜ਼ਰੂਰ ਲੱਗੇ ਹੋਣੇ ਚਾਹੀਦੇ ਹਨ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਬਲੱਡ ਬੈਂਕ ਆਨਲਾਈਨ ਹੋਣੇ ਚਾਹੀਦੇ ਹਨ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- 44 ਡਾਕਟਰਾਂ ਦੇ ਬੈਂਚ ਮਾਰਕ ਘੱਟ ਹਨ। ਸਬੰਧਤ ਡਾਕਟਰਾਂ ਦੀ ਜਵਾਬ ਤਲਬੀ ਕੀਤੀ ਜਾਵੇ।

**(ਸਬੰਧਤ ਸਿਵਲ ਸਰਜਨ ਕਾਰਵਾਈ ਕਰਨ)**

- ਐਲ.ਟੀ ਅਤੇ ਸਟਾਫ ਨਰਸਾ ਦੀ ਅਡਜਸਟਮੈਂਟ ਲੋੜ ਅਨੁਸਾਰ ਸਿਵਲ ਸਰਜਨ ਆਪਣੇ ਪੱਧਰ ਤੇ ਕਰ ਸਕਦੇ ਹਨ ਅਤੇ ਇਸ ਦੀ ਸੂਚਨਾ ਸਟੇਟ ਹੈਡਕੁਆਟਰ ਨੂੰ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਆਮ ਲੋਕਾਂ ਨੂੰ ਐਬੂਲੈਂਸ ਦੀਆਂ ਸਹੂਲਤਾਂ ਮੁਹੱਈਆ ਕਰਵਾਈਆ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਕਿਸੇ ਵੀ ਜ਼ਿਲ੍ਹੇ ਵਿੱਚ ਕੋਈ ਅਣਸੁਖਾਵੀ ਘਟਨਾ ਵਾਪਰਦੀ ਹੈ ਤਾਂ ਇਸ ਸਬੰਧੀ ਟੈਲੀਫ਼ੋਨ ਜਾਂ ਮੈਜੇਸ ਕਰਕੇ ਡੀ.ਐਚ.ਐਸ ਨੂੰ ਸੂਚਿਤ ਕੀਤਾ ਜਾਵੇ

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜਨਮ ਅਤੇ ਮੌਤ ਦੇ ਲੇਟ ਇੰਦਰਾਜ ਕੇਸਾ ਦੀ ਵੈਰੀਫਿਕੇਸ਼ਨ ਕਰਨ ਲਈ ਐਮ.ਪੀ.ਡਬਲਿਯੂ ਮੇਲ ਜਾਂ ਕਿਸੇ ਹੋਰ ਕਰਮਚਾਰੀ ਦੀ ਡਿਊਟੀ ਲਗਾ ਦਿੱਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਡਾਕਟਰਾਂ ਦੀਆਂ ਪਰਾਪਰਟੀ ਰਿਟਰਨਾ ਸਮੇਂ ਸਿਰ ਸਟੇਟਹੈਡਕੁਆਟਰ ਨੂੰ ਭੇਜੀਆਂ ਜਾਣ।ਜੇਕਰ ਪਰਾਪਰਟੀ ਰਿਟਰਨਾ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੀਆਂ ਤਾਂ ਸਬੰਧਤ ਡਾਕਟਰਾਂ ਨੂੰ ਸੋ-ਕਾਜ ਨੋਟਿਸ ਜਾਰੀ ਕੀਤੇ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸੈਲਫ-ਅਪਰੇਜਲ ਫਾਰਮ ਵਿੱਚ ਰੀਮਾਰਕਸ ਵਾਲਾ ਖਾਨਾ ਜ਼ਰੂਰ ਭਰਿਆ ਹੋਣਾ ਚਾਹੀਦਾ ਹੈ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

**ਡਾਇਰੈਕਟਰ ਫੈਮਿਲੀ ਵੈਲਫੇਅਰ ਡਾ:ਊਸ਼ਾ ਬਾਂਸਲ**

- ਗਰਭਵਤੀ ਔਰਤਾਂ ਅਤੇ ਬੱਚਿਆ ਵਿੱਚ ਅਨੀਮੀਆਂ ਨੂੰ ਖਤਮ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਗਰਭਵਤੀ ਔਰਤਾਂ ਅਤੇ ਬੱਚਿਆ ਦਾ ਹੀਮੋਗਲੋਬਿਨ ਟੈਸਟ ਕੀਤਾ ਜਾਵੇ।ਜੇਕਰ 7 ਗ੍ਰਾਮ ਤੋਂ ਘੱਟ ਹੋਵੇ ਤਾਂ ਉਨਾਂ ਨੂੰ ਸਹੀ ਅਤੇ ਪੂਰਾ ਇਲਾਜ ਮੁਹੱਈਆਂ ਕਰਵਾਇਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹਰ ਗਰਵਭਤੀ ਔਰਤ ਨੂੰ ਦੂਜੇ ਸਮੈਸਟਰ ਵਿੱਚ ਪੇਟ ਦੇ ਕੀੜਿਆਂ ਦੀ ਦਵਾਈ ਜ਼ਰੂਰ ਦਿੱਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹਾਈਰਿਸਕ ਗਰਭਵਤੀ ਔਰਤਾਂ ਦੀ ਸਹੀ ਫਾਲੋਅਪ ਕੀਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਲੇਬਰ ਰੂਮ ਵਿੱਚ ਸਫਾਈ ਦਾ ਧਿਆਨ ਰੱਖਿਆ ਜਾਣਾ ਯਕੀਨੀ ਬਣਾਇਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹਰੇਕ ਸਾਜੇਰੀਅਨ ਕੇਸ ਦੀ ਫਾਈਲ ਐਸ.ਐਮ.ਓ ਅਤੇ ਸਿਵਲ ਸਰਜਨ ਦੁਆਰਾ ਚੈਕ ਕੀਤੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਪੱਲਸ ਪੋਲੀਓ ਜਨਵਰੀ 2016 ਰਾਊਂਡ ਦੇ ਮਿਸਡ ਏਰੀਏ ਨੂੰ ਫਰਵਰੀ 2016 ਦੇ ਰਾਊਂਡ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਇਸਦੀ ਰਿਪੋਰਟ ਸਟੇਟ ਹੈਡਕੁਆਟਰ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਕੰਪਰੀਹੈਨਸਿਵ ਅਬਾਰਸ਼ਨ ਕੇਅਰ ਸਬੰਧੀ ਆਈ.ਈ.ਸੀ/ਬੀ.ਸੀ.ਸੀ ਗਤੀਵਿਧੀਆਂ ਕਰਵਾਈਆਂ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਪੈਡਿੰਗ ਕੋਰਟ ਕੇਸਾ ਦੀ ਲਿਸਟ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹੋਮ ਡਲਿਵਰੀਆਂ ਨੂੰ ਘਟਾਇਆ ਜਾਵੇ ਅਤੇ ਸੰਸਥਾਗਤ ਜਣੇਪੇ ਨੂੰ ਬੜਾਵਾ ਦਿੱਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

## ਪੀ.ਐਨ.ਡੀ.ਟੀ

- ਜਿਥੇ ਸੈਕਸ ਰੇਸੋ ਘੱਟ ਹੈ,ਉਥੇ ਜ਼ਿਲ੍ਹਾ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਜਾਵੇ।
- SIMC ਵਿੱਚ ਇੱਕ ਲੀਗਲ ਐਡਵਾਈਜ਼ਰ ਹੋਣਾ ਚਾਹੀਦਾ ਹੈ।ਇੱਕ ਮੈਂਬਰ ਸਿਵਲ ਸੁਸਾਇਟੀ ਤੋ ਹੋਣਾ ਚਾਹੀਦਾ ਹੈ।
- ਇੰਨਪੈਕਸ਼ਨ ਸਮੇਂ ਸਪਾਟ ਮੀਮੋ ਜ਼ਰੂਰ ਤਿਆਰ ਕੀਤਾ ਜਾਵੇ।ਭਰੇ ਜਾਣ ਵਾਲੇ ਫਾਰਮ ਤੇ ਸੈਟਰ ਦੇ ਮਾਲਕ ਅਤੇ ਇੰਨਪੈਕਸ਼ਨ ਕਰਨ ਵਾਲੀ ਟੀਮ ਦੇ ਦਸਤਖਤ ਕਰਨੇ ਜਰੂਰੀ ਹੁੰਦੇ ਹਨ।
- ਸਾਰੇ ਸੁਨੋਲੋਜਿਸਟਾਂ ਦਾ 31 ਦਸੰਬਰ 2016 ਤੱਕ ਟੈਸਟ ਹੋਵੇਗਾ।
- ਪ੍ਰਾਈਵੇਟ ਡਿਟੈਕਟਿਵ ਏਜੰਸੀ ਹਾਇਰ ਕਰ ਲਈ ਗਈ ਹੈ।

### ਤਪਦਿਕ ਪ੍ਰੋਗਰਾਮ:-

- ਟੀ.ਬੀ ਇੱਕ ਨੋਟੀਫਾਈਏਬਲ ਬਿਮਾਰੀ ਹੈ।
- ਨਿਕਸੈ ਐਂਟਰੀਜ਼ ਕਾਫੀ ਘੱਟ ਹਨ।
- ਐਮ.ਡੀ.ਆਰ ਦੇ ਮਰੀਜ਼ ਅਤੇ ਉਸਦੇ ਅਟੈਡੈਂਟ ਨੂੰ ਆਉਣ ਜਾਣ ਦੇ ਕਿਰਾਏ ਲਈ ਪੈਸੇ ਦਿੱਤੇ ਜਾਣ।
- ਆਸ਼ਾ ਵਰਕਰ ਨੂੰ ਬਣਦਾ ਇੰਨਸੈਨਟਿਵ ਦਿੱਤਾ ਜਾਵੇ।
- ਮਹੀਨਵਾਰ ਰਿਪੋਰਟ ਸਮੇਂ ਸਿਰ ਭੇਜਣੀ ਯਕੀਨੀ ਬਣਾਈ ਜਾਵੇ।
- ਲੈਪਰੋਸੀ ਦੇ ਫੰਡਾਂ ਦੀ ਸਮੇਂ ਸਿਰ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।

### ਜਨਮ ਅਤੇ ਮੌਤ ਰਜਿਸਟਰੇਸ਼ਨ

- ਸਲਾਨਾ ਜਨਮ ਅਤੇ ਮੌਤ ਰਿਪੋਰਟ 15 ਫਰਵਰੀ 2016 ਤੱਕ ਸਟੇਟ ਹੈਡਕੁਆਟਰ ਨੂੰ ਭੇਜੀ ਜਾਵੇ।
- ਜਨਮ ਅਤੇ ਮੌਤ ਦੀ ਰਜਿਸਟਰੇਸ਼ਨ ਦਾ ਰਿਕਾਰਡ ਰੱਖਣ ਵਾਲੇ ਕਰਮਚਾਰੀ ਦਾ ਨਾਮ ਅਤੇ ਅਹੁਦਾ ਲਿਖਿਆ ਜਾਵੇ।

## ਜੇ.ਐਸ.ਐਸ.ਕੇ

- ਜੇ.ਐਸ.ਐਸ.ਕੇ ਅਧੀਨ ਮਿਲਣ ਵਾਲੀਆਂ ਸਿਹਤ ਸਹੂਲਤਾਂ ਦਾ ਖਰਚਾ ਬੁੱਕ ਕੀਤਾ ਜਾਵੇ।
- ਐਕਸਪਾਇਰਡ ਸੈਨੀਟਰੀ ਨੈਪਕਿਨ ਨੂੰ ਸਬੰਧਤ ਵੇਅਰਹਾਊਸਾ ਵਿੱਚ ਵਾਪਸ ਭੇਜਿਆ ਜਾਵੇ।

N V B D C P:-

- ਮਲੇਰੀਆਂ ਸਬੰਧੀ ਸਰਵੇਲੈਂਸ ਮਜ਼ਬੂਤ ਕੀਤਾ ਜਾਵੇ।
- ਡੇਂਗੂ ਦੀ ਰੋਜਾਨਾ ਰਿਪੋਰਟ ਭੇਜੀ ਜਾਵੇ।

**ਚੌਕਸੀ ਵਿੰਗ, ਦਫਤਰ ਡੀ.ਐਚ.ਐਸ:-**

- ਸੰਗਤ ਦਰਸ਼ਨ ਦੀਆਂ ਸ਼ਿਕਾਇਤਾ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

**ਸਕੂਲ ਹੈਲਥ ਪ੍ਰੋਗਰਾਮ:-**

- ਆਂਗਨਵਾੜੀ ਸੈਂਟਰਾਂ ਨੂੰ ਇੱਕ ਸਾਲ ਵਿੱਚ ਦੋ ਵਾਰੀ ਚੈਕ ਕਰਨਾ ਹੈ ਅਤੇ ਪਹਿਲੀ ਵਿਜ਼ਟ ਕੰਪਲੀਟ ਹੋਣੀ ਚਾਹੀਦੀ ਹੈ।
- ਆਸ਼ਾ ਵਰਕਰ ਦਾ ਬਣਦਾ ਇੰਨਸੈਨਟਿਵ ਦਿੱਤਾ ਜਾਵੇ।
- ਘੱਟ ਪ੍ਰੋਫਾਰਮੈਂਸ ਵਾਲੇ ਜ਼ਿਲ੍ਹੇ ਆਪਣੇ ਸਕੂਲਾਂ ਅਤੇ ਆਂਗਨਵਾੜੀ ਸੈਂਟਰਾਂ ਦੇ ਬਣਦੇ ਟੀਚੇ ਪੂਰੇ ਕਰਨੇ ਯਕੀਨੀ ਬਣਾਉਣ।

ਧੰਨਵਾਦ ਮਤੇ ਨਾਲ ਕਾਨਫਰੰਸ ਸਮਾਪਤ ਹੋਈ।

**-Sd-**

**ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।**